# Phone call between Prime Minister ShriNarendraModi and H.E. Dr. John PombeJoseph Magufuli, President of the United Republic of Tanzania

June 12, 2020

---

# ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ  ਅਤੇ ਸੰਯੁਕਤ ਤਨਜ਼ਾਨੀਆ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਡਾ. ਜਾਨ ਪੌਂਬੇ ਜੋਸੇਫ ਮਗੂਫਲੀ ਵਿਚਾਲੇ ਫੋਨ 'ਤੇ ਗੱਲਬਾਤ

12 ਜੂਨ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਸੰਯੁਕਤ ਤਨਜ਼ਾਨੀਆ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਡਾ. ਜਾਨ ਪੌਂਬੇ ਜੋਸੇਫ ਮਗੂਫਲੀ ਨਾਲ ਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਜੁਲਾਈ 2016 ਵਿਚ ਕੀਤੀ ਆਪਣੀ ਦਰ-ਏਸ-ਸਲਾਮ ਦੀ ਫੇਰੀ ਨੂੰ ਨਿੱਘੇ ਤਰੀਕੇ ਨਾਲ ਯਾਦ ਕੀਤਾ ਅਤੇ ਤਨਜ਼ਾਨੀਆ ਵੱਲੋਂ ਭਾਰਤ ਨਾਲ ਆਪਣੇ ਰਵਾਇਤੀ ਦੋਸਤਾਨਾ ਸੰਬੰਧਾਂ ਨੂੰ ਦਿੱਤੀ  ਜਾਣ ਵਾਲੀ ਮਹੱਤਤਾ ਦੀ ਗੱਲ ਕਹੀ। ਉਨ੍ਹਾਂ ਨੇ ਤਨਜ਼ਾਨੀਆਈ ਸਰਕਾਰ ਅਤੇ ਲੋਕਾਂ ਦੀਆਂ ਇੱਛਾਵਾਂ ਅਤੇ ਲੋੜਾਂ ਅਨੁਸਾਰ ਤਨਜ਼ਾਨੀਆ ਦੀ ਵਿਕਾਸ ਯਾਤਰਾ ਵਿੱਚ ਭਾਈਵਾਲੀ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ।

ਪ੍ਰਧਾਨ ਮੰਤਰੀ ਨੇ COVID -19 ਦੇ ਮੱਦੇਨਜ਼ਰ ਤਨਜ਼ਾਨੀਆ ਤੋਂ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਵਿਚ ਤਨਜ਼ਾਨੀਆਈ ਅਧਿਕਾਰੀਆਂ ਵੱਲੋਂ ਦਿੱਤੀ ਗਈ ਸਹਾਇਤਾ ਲਈ ਰਾਸ਼ਟਰਪਤੀ ਡਾ. ਮਗੂਫਲੀ  ਦੀ ਸ਼ਲਾਘਾ ਕੀਤੀ।

ਦੋਨਾਂ ਨੇਤਾਵਾਂ ਨੇ ਸਮੁੱਚੇ ਦੁਵੱਲੇ ਸੰਬੰਧਾਂ  ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਭਾਰਤ ਅਤੇ ਤਨਜ਼ਾਨੀਆ ਦੀ ਵਧ ਰਹੀ ਵਿਕਾਸ ਭਾਈਵਾਲੀ, ਵਿਦਿਅਕ ਸੰਬੰਧਾਂ ਅਤੇ ਵਪਾਰਕ ਅਤੇ ਨਿਵੇਸ਼ ਪ੍ਰਵਾਹਾਂ ਉੱਤੇ ਤਸੱਲੀ ਦਾ ਪ੍ਰਗਟਾਅ ਕੀਤਾ ਅਤੇ ਇਨ੍ਹਾਂ ਰੁਝਾਨਾਂ ਨੂੰ ਹੋਰ ਤੇਜ਼ ਕਰਨ ਦੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਇਸ ਸਾਲ ਬਾਅਦ ਵਿੱਚ ਤਨਜ਼ਾਨੀਆ ਅੰਦਰ ਹੋਣ ਵਾਲੀਆਂ ਰਾਸ਼ਟਰਪਤੀ ਅਤੇ ਸੰਸਦੀ ਚੋਣਾਂ ਲਈ ਮਹਾਮਹਿਮ ਰਾਸ਼ਟਰਪਤੀ ਮਗੂਫਲੀ  ਅਤੇ ਤਨਜ਼ਾਨੀਆਈ ਲੋਕਾਂ ਨੂੰ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ।

ਨਵੀਂ ਦਿੱਲੀ
12 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.